

"NRCS ਏਜੰਸੀ ਦੀਆਂ ਨੀਤੀਆਂ ਅਤੇ ਅਭਿਆਸਾਂ ਦੇ ਅੰਦਰ, ਸਾਡੇ ਪ੍ਰੋਗਰਾਮਾਂ, ਸੇਵਾਵਾਂ ਅਤੇ ਤਕਨੀਕੀ ਸਹਾਇਤਾ ਦੇ ਤਰੀਕੇ ਵਿੱਚ ਨਿਰਪੱਖਤਾ ਕਾਇਮ ਰੱਖਕੇ ਬਰਾਬਰੀ ਨੂੰ ਅੱਗੇ ਵਧਾਉਂਦਾ ਹੈ।"

NRCS ਮੁਖੀ ਟੈਰੀ ਕੋਸਬੀ

## ਬੁਨਿਆਦ ਜਾਣਕਾਰੀ

ਕਾਰਜਕਾਰੀ ਹੁਕਮ 13985

ਕਾਰਜਕਾਰੀ ਹੁਕਮ 14091

USDA ਬਰਾਬਰੀ ਕਮੀਸ਼ਨ

USDA ਬਰਾਬਰੀ ਕਾਰਵਾਈ

ਯੋਜਨਾ NRCS ਬਰਾਬਰੀ ਕਾਰਵਾਈ ਯੋਜਨਾ

NRCS ਬਰਾਬਰੀ ਨੀਤੀ ਦੇ ਬਿਆਨ ਅਤੇ ਪੋਸਟਰ

ਹੋਰ ਜਾਣਕਾਰੀ ਲਈ ਦੇਖੋ:

**nrcs.usda.gov/about/priorities/equity**

USDA ਇੱਕ ਬਰਾਬਰ ਮੌਕਾ ਦੇਣ ਵਾਲਾ ਪ੍ਰਦਾਤਾ,
ਰੁਜ਼ਗਾਰਦਾਤਾ ਅਤੇ ਰਿਣਦਾਤਾ ਹੈ।

ਅਪ੍ਰੈਲ 2023







USDA Natural Resources Conservation Service
U.S. DEPARTMENT OF AGRICULTURE

# NRCS ਬਰਾਬਰੀ ਵਿਭਾਗ

## ਦੂਸਰਿਆਂ ਦੇ ਨਜ਼ਰੀਏ ਨਾਲ ਸੋਚਣਾ

ਬਰਾਬਰੀ ਸਾਰੇ ਵਿਅਕਤੀਆਂ ਨਾਲ ਸਹੀ, ਨਿਆਂਪੂਰਨ ਅਤੇ ਨਿਰਪੱਖ ਢੰਗ ਨਾਲ ਇਕਸਾਰ ਅਤੇ ਯੋਜਨਾਬੱਧ ਵਿਵਹਾਰ



ਨਸਲ
ਜਾਤ
ਧਰਮ
ਆਮਦਨੀ
ਭੂਗੋਲ
ਲਿੰਗ
ਪਛਾਣ
ਜਿਨਸੀ ਝੁਕਾਅ
ਅਪਾਹਜਤਾ




## ਟੀਚਾ, ਸੁਫਨਾ, ਮੁੱਖ ਕਦਰਾਂ-ਕੀਮਤਾਂ

**ਟੀਚਾ:** NRCS ਦੇ ਕੰਮਾਂ ਅਤੇ ਕਾਰਜ-ਭਿਆਸਾਂ ਵਿੱਚ ਸੰਸਥਾਗਤ ਬਰਾਬਰੀ ਦੀ ਵਕਾਲਤ ਕਰਨਾ ਅਤੇ ਇਸ ਨੂੰ ਹੋਰ ਬਿਹਤਰ ਤਰੀਕੇ ਸੋਧਬੱਧ ਕਰਨਾ, ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ USDA-NRCS ਗਾਹਕ ਇੱਕ ਵਿਭਿੰਨ ਸਰਕਾਰੀ ਸੰਸਾਰ ਵਿੱਚ ਸਫਲ ਹੋਣ ਦੀ ਸਥਿਤੀ ਵਿੱਚ ਰਹੇ ਅਤੇ ਖਾਸ ਤੌਰ 'ਤੇ ਏਜੰਸੀ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਖੁਦ ਨੂੰ ਸ਼ਾਮਲ ਮਹਿਸੂਸ ਕਰੇ।

**ਸੁਫਨਾ:** ਸਾਡੇ ਪ੍ਰੋਗਰਾਮਾਂ ਰਾਹੀਂ ਹਰੇਕ ਗਾਹਕ ਲਈ ਵਿਭਿੰਨਤਾ ਅਤੇ ਸ਼ਮੂਲੀਅਤ।

**ਮੁੱਖ ਕਦਰਾਂ-ਕੀਮਤਾਂ:** ਇਹ ਯਕੀਨ ਰੱਖਣਾ ਕਿ ਏਜੰਸੀ ਦੇ ਪ੍ਰੋਗਰਾਮਾਂ ਦੀ ਪਹੁੰਚ ਨੂੰ ਹੋਰ ਬਿਹਤਰ ਕਰਕੇ ਸਾਂਝੇ ਕੰਮਾਂ ਅਤੇ ਟੀਚਿਆਂ ਦੀ ਦਿਸ਼ਾ ਵਿੱਚ ਕੰਮ ਕਰਦੇ ਹੋਏ
NRCS ਦੇ ਗਾਹਕਾਂ ਦੇ ਮੌਕਿਆਂ ਅਤੇ ਏਜੰਸੀ ਦੇ ਲਾਭਾਂ ਨੂੰ ਮਜ਼ਬੂਤੀ ਮਿਲ ਰਹੀ ਹੈ; NRCS ਸੰਭਾਲੂ ਮੌਕਿਆਂ ਅਤੇ ਲਾਭਾਂ ਰਾਹੀਂ ਗਾਹਕਾਂ ਦੀ ਬਰਾਬਰੀ ਅਤੇ ਜੀਵਨ ਸਮਾਨਤਾ ਨੂੰ ਹੋਰ ਬਿਹਤਰ ਕਰਦੀ ਹੈ।

## NRCS ਬਰਾਬਰੀ ਕਾਰਵਾਈ ਯੋਜਨਾ

### ਰਣਨੀਤਕ ਟੀਚਾ 1: ਬਰਾਬਰੀ ਲਈ ਸੰਗਠਨਾਤਮਕ ਸਮਰੱਥਾ

NRCS ਦੇ ਪਸਾਰ ਅਤੇ ਇਸ ਦੀ ਸੰਗਠਨਾਤਮਕ ਡੂੰਘਾਈ ਵਿੱਚ ਨੈਸ਼ਨਲ ਹੈੱਡਕੁਆਰਟਰ ਪੱਧਰ ਤੋਂ ਲੈਕੇ ਸਥਾਨਕ ਪੱਧਰ ਤੱਕ, ਸਿਖਲਾਈ ਅਤੇ ਬੁਨਿਆਦੀ ਢਾਂਚੇ ਲਈ ਬਦਲਾਅ ਕਰਨਾ, ਤਾਂ ਜੋ ਬਰਾਬਰੀ ਦੇ ਟੀਚਿਆਂ ਬਾਰੇ ਕਰਮਚਾਰੀਆਂ ਦੀ ਸਮਝ ਬਣਾਈ ਜਾ ਸਕੇ ਅਤੇ ਏਜੰਸੀ ਵਿੱਚ ਬਰਾਬਰੀ ਅਤੇ ਸ਼ਮੂਲੀਅਤ ਮਾਹਿਰ ਅਤੇ ਟੀਮਾਂ ਤਿਆਰ ਕੀਤੀਆਂ ਜਾ ਸਕਣ।

### ਰਣਨੀਤਕ ਟੀਚਾ 2: ਬਰਾਬਰੀ ਲਿਆਉਣ ਦੇ ਤਰੀਕੇ

ਅਸਮਾਨਤਾਵਾਂ ਨੂੰ ਖਤਮ ਕਰਨ ਲਈ ਜ਼ਰੂਰੀ ਮੁਤਾਬਕ ਨੀਤੀਆਂ, ਪ੍ਰੋਗਰਾਮਾਂ ਅਤੇ ਅਭਿਆਸਾਂ ਨੂੰ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਬਰਾਬਰੀ ਜੋੜਨ ਲਈ ਬਰਾਬਰੀ ਲਿਆਉਣ ਦੇ ਤਰੀਕਿਆਂ ਦੀ ਸੰਸਥਾਗਤ ਵਰਤੋਂ ਕਰਨਾ, ਤਾਂ ਜੋ ਅਸਮਾਨਤਾ ਲਿਆਉਣ ਜਾਂ ਕਾਇਮ ਰੱਖਣ ਵਾਲੇ ਫੈਸਲਿਆਂ ਨੂੰ ਰੋਕਿਆ ਜਾ ਸਕੇ ਅਤੇ ਬਰਾਬਰੀ ਨੂੰ ਵਧਾਵਾ ਦੇਣ ਵਾਲੇ ਫੈਸਲੇ ਵਿਕਸਿਤ ਕੀਤੇ ਜਾ ਸਕਣ।

### ਰਣਨੀਤਕ ਟੀਚਾ 3: ਬਰਾਬਰੀ ਅਤੇ ਸ਼ਮੂਲੀਅਤ ਡੇਟਾ

ਆਧਾਰ-ਰੇਖਾਵਾਂ ਤਿਆਰ ਕਰਕੇ, ਮਕਸਦ ਨਿਰਧਾਰਤ ਕਰਕੇ ਅਤੇ NRCS ਅਤੇ ਭਾਈਚਾਰਕ ਟੀਚਿਆਂ ਦੀ ਦਿਸ਼ਾ ਵੱਲ ਤਰੱਕੀ ਨੂੰ ਮਾਪਦੇ ਹੋਏ ਖ਼ਾਸ ਪ੍ਰੋਗਰਾਮਾਂ ਸੰਬੰਧੀ ਅਤੇ ਨੀਤੀਆਂ ਵਿੱਚ ਕੀਤੇ ਗਏ ਬਦਲਾਵਾਂ ਦੀ ਸਫ਼ਲਤਾ ਦਾ ਮੁਲਾਂਕਣ ਕਰਨ ਲਈ ਰਣਨੀਤਕ ਡੇਟਾ ਯੋਜਨਾਬੰਦੀ ਅਤੇ ਡੇਟਾ-ਸੰਚਾਲਿਤ ਮਾਪ ਤਰੀਕੇ ਲਾਗੂ ਕਰਨਾ।

### ਰਣਨੀਤਕ ਟੀਚਾ 4: ਬਰਾਬਰੀ ਅਤੇ ਸ਼ਮੂਲੀਅਤ ਭਾਈਵਾਲੀ

ਕੌਮੀ, ਖੇਤਰੀ, ਰਾਜ ਅਤੇ ਸਥਾਨਕ ਪੱਧਰਾਂ 'ਤੇ ਭਾਈਚਾਰਿਆਂ ਅਤੇ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਕੰਮ ਕਰਨਾ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬਦਲਾਅ ਲਈ NRCS ਦੇ ਜਤਨਾਂ ਨੂੰ ਉਹਨਾਂ ਭਾਈਚਾਰਿਆਂ ਦੇ ਜੀਵਿਤ ਅਨੁਭਵਾਂ ਰਾਹੀਂ ਸੂਚਨਾ ਮਿਲਦੀ ਰਹੇ, ਜੋ ਲਾਭ ਪਹੁੰਚਾਉਣ ਲਈ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰਦੇ ਹਨ।

### ਰਣਨੀਤਕ ਟੀਚਾ 5: ਬਰਾਬਰੀ ਨੂੰ ਅਮਲੀ-ਜਾਮਾ ਪਹਿਨਾਓ

ਪ੍ਰੋਗਰਾਮ, ਨੀਤੀ ਅਤੇ ਸੇਵਾ ਵਿਚਲੀਆਂ ਅਸਮਾਨਤਾਵਾਂ ਨੂੰ ਖਤਮ ਕਰਨ ਲਈ ਸਿੱਖਿਆ, ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਲੋੜੀਂਦੀ ਨਿਰੰਤਰਤਾ ਲਈ ਸੰਸਥਾਗਤ ਤਰੀਕਿਆਂ ਨੂੰ ਸ਼ਾਮਲ ਕਰਨ ਲਈ ਤੁਰੰਤ ਗੱਲਬਾਤ ਕਰੋ ਅਤੇ ਇਸ ਉੱਪਰ ਤਤਕਾਲ ਅਮਲ ਕਰੋ।



## ਬਰਾਬਰੀ ਹਾਸਲ ਕਰਨਾ

NRCS ਮੁਖੀ ਟੈਰੀ ਕੋਸਬੀ ਬਰਾਬਰੀ ਨੂੰ ਵਧਾਵਾ ਦੇਣ ਵਾਸਤੇ ਸੰਸਥਾਗਤ ਬਦਲਾਅ ਲਿਆਉਣ ਲਈ NCRS ਦੇ ਸਾਰੇ ਕਾਰਜਾਂ ਅਤੇ ਸਾਰੀ ਏਜੰਸੀ ਦੇ ਹਰੇਕ ਦਰਜੇ ਲਈ ਸੰਗਠਨਾਤਮਕ ਸਮਰੱਥਾ ਬਣਾਉਣ ਵਾਸਤੇ ਵਚਨਬੱਧ ਹਨ।

ਬਰਾਬਰੀ ਹਾਸਲ ਕਰਨ ਲਈ, NRCS ਨੂੰ ਏਜੰਸੀ ਦੇ ਪ੍ਰੋਗਰਾਮਾਂ, ਸੱਭਿਆਚਾਰ ਅਤੇ ਪਹੁੰਚ ਕਾਰਵਾਈਆਂ ਵਿੱਚ ਬੁਨਿਆਦੀ ਬਦਲਾਅ ਕਰਨੇ ਪੈਣਗੇ। ਹਾਲਾਂਕਿ NRCS ਦੇ ਸਾਰੇ ਉੱਚ ਅਧਿਕਾਰੀਆਂ, ਪ੍ਰਬੰਧਕਾਂ ਅਤੇ ਸੁਪਰਵਾਈਜ਼ਰਾਂ ਲਈ ਜ਼ਰੂਰੀ ਹੈ ਕਿ ਬਰਾਬਰੀ ਨੂੰ ਵਧਾਵਾ ਦੇਣ ਦਾ ਕੰਮ ਜ਼ਮੀਨ 'ਤੇ ਹੋਵੇ, ਸਥਾਨਕ ਪੱਧਰ 'ਤੇ, ਤਾਂ ਜੋ ਅਸੀਂ ਬਰਾਬਰੀ ਮਾਹਿਰ ਅਤੇ ਸਟਾਫ ਤਿਆਰ ਕਰ ਸਕੀਏ। ਸਾਰੀ NRCS ਵਿੱਚ ਸਾਡਾ ਸਾਂਝਾ ਟੀਚਾ ਏਜੰਸੀ ਦੀਆਂ ਨੀਤੀਆਂ ਅਤੇ ਅਭਿਆਸਾਂ ਦੇ ਅੰਦਰ ਸਾਡੇ ਪ੍ਰੋਗਰਾਮਾਂ, ਸੇਵਾਵਾਂ ਅਤੇ ਤਕਨੀਕੀ ਸਹਾਇਤਾ ਦੀ ਨਿਰਪੱਖਤਾ ਨੂੰ ਕਾਇਮ ਰੱਖਕੇ ਬਰਾਬਰੀ ਨੂੰ ਅੱਗੇ ਵਧਾਉਣਾ ਹੈ।

ਬਰਾਬਰੀ ਨੂੰ ਵਧਾਵਾ ਦੇਣ ਅਤੇ ਸਾਰਿਆਂ ਲਈ ਬਰਾਬਰ ਮੌਕੇ ਦੇਣ ਦੀ NRCS ਦੀ ਵਚਨਬੱਧਤਾ ਨੂੰ ਹੋਰ ਪ੍ਰਦਰਸ਼ਿਤ ਕਰਨ ਲਈ, ਅਕਤੂਬਰ 2021 ਵਿੱਚ, ਮੁਖੀ ਕੋਸਬੀ ਨੇ ਅਧਿਕਾਰਤ ਤੌਰ 'ਤੇ ਸੰਗਠਨਾਤਮਕ ਇਕਾਈ NRCS ਬਰਾਬਰੀ ਵਿਭਾਗ ਦੀ ਘੋਸ਼ਣਾ ਕੀਤੀ ਸੀ। ਵਿਵਿਅਨ ਡਿਕਸਨ, NRCS ਬਰਾਬਰੀ ਵਿਭਾਗ ਦੇ ਡਾਇਰੈਕਟਰ ਦੀ ਅਗਵਾਈ ਹੇਠ, ਜਾਤ, ਨਸਲ, ਧਰਮ, ਆਮਦਨ, ਭੂਗੋਲ, ਲਿੰਗ ਪਛਾਣ, ਜਿਨਸੀ ਝੁਕਾਅ ਅਤੇ ਅਪਾਹਜਤਾ ਦੇ ਸਬੰਧ ਵਿੱਚ ਬਰਾਬਰੀ ਹਾਸਲ ਕਰਨ ਵਿੱਚ NRCS ਦੀ ਸਹਾਇਤਾ ਕਰਨ ਲਈ, ਲਾਗੂ ਕਾਨੂੰਨ ਅਤੇ ਵਿਵਸਥਾਵਾਂ ਦੇ ਮੁਤਾਬਕ ਸਰਬੋਤਮ ਤਰੀਕਿਆਂ ਦੀ ਪਛਾਣ ਕਰਨਾ ਵਿਭਾਗ ਦੀ ਜ਼ਿੰਮੇਵਾਰੀ ਹੈ।